ਅਸੀਂ ਖੇਡਾਂ ਲਈ, ਖੇਡਾਂ ਸਾਡੇ ਲਈ

ALL FOR SPORTS, SPORTS FOR ALL

# 76ਵਾਂ ਸਾਲਾਨਾ ਖੇਡ ਸਮਾਰੋਹ

# ਸਰਕਾਰੀ ਰਣਬੀਰ ਕਾਲਜ, ਸੰਗਰੂਰ

ਸਥਾਪਿਤ : 1939

## ਉਦਘਾਟਨ ਸਮਾਰੋਹ

06 ਮਾਰਚ 2024, 9.30 ਵਜੇ ਸਵੇਰੇ

## ਮੁੱਖ ਮਹਿਮਾਨ

ਡਾ. ਹਰਵਿੰਦਰ ਸਿੰਘ

(ਪ੍ਰਿੰਸੀਪਲ :ਸ਼ਹੀਦ ਉੱਧਮ ਸਿੰਘ ਸਰਕਾਰੀ ਕਾਲਜ,ਸੁਨਾਮ)

## ਸਮਾਪਤੀ ਸਮਾਰੋਹ

06 ਮਾਰਚ 2024,3:00 ਸ਼ਾਮ

## ਮੁੱਖ ਮਹਿਮਾਨ

ਸ. ਅਵਤਾਰ ਸਿੰਘ, ਈਲਵਾਲ

ਚੇਅਰਮੈਨ

ਮਾਰਕਿਟ ਕਮੇਟੀ, ਸੰਗਰੂਰ

## ਸਾਲਾਨਾ ਖੇਡ ਰਿਪੋਰਟ

Scanned with CamScanner

# ਸਾਲਾਨਾ ਖੇਡ ਸਮਾਰੋਹ

ਸਰਕਾਰੀ ਰਣਬੀਰ ਕਾਲਜ, ਸੰਗਰੂਰ ਦਾ 76 ਵਾਂ ਸਾਲਾਨਾ ਖੇਡ ਸਮਾਰੋਹ ਮਨਾਇਆ ਜਾ ਰਿਹਾ ਹੈ।ਇਹ ਖੁਸ਼ੀ ਦੀ ਗੱਲ ਹੈ ਕਾਲਜ ਦੇ ਖਿਡਾਰੀਆਂ ਨੇ ਇਸ ਸਮਾਰੋਹ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਹੈ। ਜਿੱਥੇ ਪੜਾਈ ਜਰੂਰੀ ਹੈ ਉੱਥੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਖੇਡਾਂ ਵੀ ਬਹੁਤ ਜਰੂਰੀ ਹਨ। ਮੈਂ ਜੇਤੂ ਖਿਡਾਰੀਆਂ ਨੂੰ ਬਹੁਤ ਵਧਾਈ ਦਿੰਦਾ ਹਾਂ ਅਤੇ ਕਾਮਨਾ ਕਰਦਾਂ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਹ ਹੋਰ ਤਰੱਕੀ ਕਰਨ। ਮੈਂ ਉਨਾਂ ਖਿਡਾਰੀਆਂ ਦੀ ਵੀ ਹੌਂਸਲਾ ਅਫਜਾਈ ਕਰਦਾ ਹਾਂ ਜਿਨਾਂ ਨੇ ਇਸ ਸਮਾਰੋਹ ਵਿੱਚ ਭਾਗ ਲਿਆ ਪਰ ਜਿੱਤ ਪ੍ਰਾਪਤ ਨਹੀਂ ਕਰ ਸਕੇ। ਖੇਡਾਂ ਵਿੱਚ ਜਿੱਤਣਾ ਹੀ ਸਭ ਲਈ ਜਰੂਰੀ ਨਹੀਂ ਹੁੰਦਾ। ਸਗੋਂ ਖੇਡਾਂ ਵਿੱਚ ਭਾਗ ਲੈਣਾ ਵੀ ਆਪਣੇ ਆਪ ਵਿੱਚ ਇੱਕ ਅਹਿਮ ਪ੍ਰਾਪਤੀ ਹੈ।

ਕਾਲਜ ਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ, ਇਸ ਸਾਲ ਵੀ ਕਾਲਜ ਦੇ ਖਿਡਾਰੀਆਂ ਨੇ ਵੱਖ ਵੱਖ ਖੇਡ ਈਵੈਂਟਾਂ ਵਿੱਚ ਮਹੱਤਵਪੂਰਨ ਜਿੱਤਾਂ ਪ੍ਰਾਪਤ ਕੀਤੀਆਂ ਜੋ ਇਸ ਪ੍ਰਕਾਰ ਹਨ।

## ਸਾਫਟਬਾਲ ਲੜਕੀਆਂ

ਕਾਲਜ ਦੀ ਲੜਕੀਆਂ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਸਾਫਟਵਾਲ ਮੁਕਾਬਲੇ ਵਿੱਚ ਦੂਜਾ **ਸਥਾਨ ਪ੍ਰਾਪਤ ਕੀਤਾ।** ਦਿਲਪ੍ਰੀਤ ਕੋਰ-ਬੀ.ਏ ਭਾਗ ਦੂਜਾ ਅਤੇ ਸ਼ਾਲਿਨੀ ਬੀ.ਏ ਭਾਗ ਪਹਿਲਾਂ ਨੇ ਆਲ ਇੰਡੀਆਂ ਅੰਤਰ ਯੂਨੀਵਰਸਿਟੀ ਖੇਡ ਮੁਕਾਬਲਿਆ ਵਿੱਚ ਭਾਗ ਲਿਆ।

## ਬੇਸਬਾਲ:

ਕਾਲਜ ਦੀ ਲੜਕਿਆਂ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ **ਬੇਸਬਾਲ** ਖੇਡ ਮੁਕਾਬਲੇ ਵਿੱਚ ਤੀਜਾ **ਸਥਾਨ ਪ੍ਰਾਪਤ ਕੀਤਾ।**

## ਬਾਕਸਿੰਗ- ਲੜਕੇ /ਲੜਕੀਆਂ

ਕਾਲਜ ਦੀ ਲੜਕੇ ਅਤੇ ਲੜਕੀਆਂ ਦੀ ਟੀਮਾਂ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਬਾਕਸਿੰਗ ਮੁਕਾਬਲਿਆਂ ਵਿੱਚ ਭਾਗ ਲਿਆ।ਲੜਕੀਆਂ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਹਰਪ੍ਰੀਤ ਕੋਰ-ਬੀ.ਏ ਭਾਗ ਤੀਜਾ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਗਗਨਪ੍ਰੀਤ ਸਿੰਘ ਬੀ.ਏ ਭਾਗ ਦੂਜਾ ਨੇ ਸਿਲਵਰ ਮੈਡਲ ਹੈਪੀ ਸਿੰਘ ਬੀ.ਏ ਭਾਗ ਪਹਿਲਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਹਿਮਾਂਸ਼ੂ ਸ਼ੁਰਮਾਂ ਬੀ.ਏ ਭਾਗ ਤੀਜਾ ਨੇ ਸੀਨੀਅਰ ਨੈਸ਼ਨਲ ਬਾਕਸਿੰਗ ਮੁਕਾਬਲਿਆ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਅਤੇ ਖੇਡਾ ਵਤਨ ਪੰਜਾਬ ਦੀਆਂ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

## ਰੋਲਰ ਸਕੇਟਿੰਗ(ਹਾਕੀ)

ਰਾਹੁਲ ਸਿੰਘ ਬੀ.ਏ ਭਾਗ ਤੀਜਾ ਨੇ ਸੀਨੀਅਰ ਨੈਸ਼ਨਲ ਰੋਲਰ ਸਕੇਟਿੰਗ ਹਾਕੀ ਮੁਕਾਬਲਿਆ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।

## ਕੁਸ਼ਤੀ (ਲੜਕੇ)

ਕਾਲਜ ਦੇ ਲੜਕਿਆਂ ਦੀ ਟੀਮ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਕੁਸ਼ਤੀ ਖੇਡ ਮੁਕਾਬਲੇ ਵਿੱਚ ਭਾਗ ਲਿਆ ਸੰਦੀਪ ਸਿੰਘ ਬੀ.ਏ ਭਾਗ ਪਹਿਲਾ ਨੇ ਆਪਣੇ ਭਾਰ ਵਰਗ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ।

Scanned with CamScanner

# ਅਥਲੈਟਿਕਸ :

ਕਾਲਜ ਦੀ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ **ਅਥਲੈਟਿਕਸ** ਮੁਕਾਬਲਿਆਂ ਵਿੱਚ ਭਾਗ ਲਿਆ।ਅਰਸ਼ਦੀਪ **ਸਿੰਘ ਬੀ.ਏ. ਭਾਗ ਤੀਜਾ ਨੇ** ਹਾਫ ਮੈਰਾਥਨ ਵਿੱਚ ਦੂਜਾ ਸਥਾਨ ਅਤੇ ਹਰਪ੍ਰੀਤ ਕੋਰ ਬੀ ਏ ਭਾਗ ਪਹਿਲਾਂ ਨੇ 20 ਕਿਲੋਮੀਟਰ ਵਾਕ ਵਿੱਚ ਪਹਿਲਾ ਸਥਾਨ ਅਤੇ ਪਰਮਿੰਦਰ ਕੋਰ ਬੀ.ਏ ਭਾਗ ਤੀਜਾ ਨੇ 20 ਕਿਲੋਮੀਟਰ ਵਾਕ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ। 4 x 400 ਮੀਟਰ ਮਿਕਸਡ ਰਿਲੇ ਰੇਸ ਵਿੱਚ ਪੁਸ਼ਪਿੰਦਰ ਕੋਰ , ਮਨੀਸ਼ਾ ਬੀ ਏ ਭਾਗ ਤੀਜਾ ਵੰਸ਼ ਬੀ. ਏ ਭਾਗ ਪਹਿਲਾ,ਹਰਸ਼ਮਿੰਦਰ ਸਿੰਘ ਬੀ ਏ ਭਾਗ ਤੀਜਾ ਨੇ ਇਸ ਈਵੇਂਟ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

## ਤੈਰਾਕੀ

ਭਾਸਕਰ ਰਤਨ ਬੀ ਏ ਭਾਗ ਪਹਿਲਾ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਖੇਡਾ ਵਤਨ ਪੰਜਾਬ ਦੀਆਂ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

## ਜਿਮਨਾਸਟਿਕ

ਸਹਿਤਪ੍ਰੀਤ ਸਿੰਘ ਐਮ ਏ ਭਾਗ ਪਹਿਲਾ ਪੋਲ ਸਾਇੰਸ ਨੇ ਅੰਤਰ ਕਾਲਜ ਜਿਮਨਾਸਟਿਕ ਮੁਕਾਬਲਿਆ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲਿਆ ।

## ਕਿੱਕ ਬਾਕਸਿੰਗ:-

ਹਰਪ੍ਰੀਤ ਕੋਰ ਬੀ ਏ ਭਾਗ ਤੀਜਾ ਨੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਖੇਡਾ ਵਤਨ ਪੰਜਾਬ ਦੀਆਂ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

## ਖੇਡਾ ਵਤਨ ਪੰਜਾਬ ਦੀਆਂ

- ਕਾਲਜ ਦੀਆਂ ਵੱਖ ਵੱਖ ਖੇਡ ਟੀਮਾਂ ਨੇ ਪੰਜਾਬ ਸਰਕਾਰ ਦੀ ਸਕੀਮ ਅਧੀਨ ਕਰਵਾਈਆਂ ਖੇਡਾਂ ਵਤਨ ਪੰਜਾਬ ਵਿੱਚ ਮੱਲਾਂ ਮਾਰੀਆਂ ਪੁਸ਼ਪਿੰਦਰ ਕੋਰ ਨੇ 4 x 400 ਅਤੇ 4 x 100 ਰਿਲੈ ਦੋੜ ਵਿਚੋ ਸਿਲਵਰ ਮੈਡਲ ਪ੍ਰਾਪਤ ਕੀਤਾ। ਰਾਹੁਲ ਸਿੰਘ ਬੀ ਏ ਭਾਗ ਤੀਜਾ ਨੇ ਰੋਲਰ ਸਕੇਟਿੰਗ ਮੁਕਾਬਲਿਆਂ ਵਿੱਚ 3000 ਰੋੜ ਰੇਸ ਵਿੱਚ ਪਹਿਲਾ 500 ਮੀਟਰ ਅਤੇ 1000 ਮੀਟਰ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ। ਖੇਡਾ ਵਤਨ ਪੰਜਾਬ ਦੀਆਂ ਸਟੇਟ ਪੱਧਰ ਵਿੱਚ ਪੰਜ ਗੋਲਡ ਮੈਡਲ ਅਤੇ ਸਿਲਵਰ ਮੈਡਲ ਜਿੱਤ ਕੇ ਬੈਂਸਟ ਜ਼ਿਮਨਾਸਟਰ ਦਾ ਖਿਤਾਬ ਹਾਸਲ ਕੀਤਾ।ਕਾਲਜ ਦੇ ਬਾਸਕਟਬਾਲ ਟੀਮ ਦੇ ਖਿਡਾਰੀ ਗੁਰਵਿੰਦਰ ਸਿੰਘ,ਸਤਵੀਰ ਸਿੰਘ,ਕਰਨਵੀਰ ਸਿੰਘ,ਵਿੱਕੀ ਸਿੰਘਅਤੇ ਗਗਨਦੀਪ ਸਿੰਘ ਨੇ ਜ਼ਿਲ੍ਹਾ ਪੱਧਰ ਤੇ ਸਿਲਵਰ ਮੈਡਲ ਪ੍ਰਾਪਤ ਕੀਤਾ।ਬਾਕਸਿੰਗ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਕੁਲਵੀਰ ਸਿੰਘ ਅਤੇ ਦਿਲਪ੍ਰੀਤ ਕੋਰ ਬੀ.ਏ ਭਾਗ ਪਹਿਲਾ ਨੇ ਗੋਲਡ ਮੈਡਲ ਪ੍ਰਾਪਤ ਕੀਤਾ।ਅਰਸ਼ਦੀਪ ਸਿੰਘ,ਪਰਮਿੰਦਰ ਕੋਰ,ਪੁਸ਼ਪਿੰਦਰ ਕੋਰ ਬੀ.ਏ ਭਾਗ ਤੀਜਾ ਨੇ ਵੀ ਜ਼ਿਲ੍ਹਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਅਥਲੈਟਿਕਸ ਮੁਕਾਬਲਿਆਂ ਵਿੱਚ ਆਪਣੇ-ਆਪਣੇ ਇਵੈਂਟ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ।

ਇਸ ਤੋ ਇਲਾਵਾ ਕਾਲਜ ਦੀਆਂ ਲਕੇ ਅਤੇ ਲੜਕੀਆਂ ਦੀਆਂ ਕਬੱਡੀ ਬਾਸਕਿੱਟ ਬਾਲ ਵੇਟ ਲਿਫਟਿੰਗ ਕਰਾਸ ਕੰਟਰੀ ਟੀਮਾਂ ਨੇ ਪੰਜਾਬੀ ਯੂਨੀਵਰਸਿਟੀ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆਂ।

ਇਹਨਾਂ ਪ੍ਰਾਪਤੀਆਂ ਉੱਪਰ ਕਾਲਜ ਨੂੰ ਮਾਣ ਹੈ ਅਤੇ ਸਾਰੇ ਪ੍ਰਸੰਸਾ ਅਤੇ ਵਧਾਈ ਦੇ ਪਾਤਰ ਹਨ।

Scanned with CamScanner

ਮੈਂ ਆਪਣੇ ਸਾਰੇ ਸਟਾਫ ਨੂੰ ਖਾਸ ਕਰਕੇ ਸਰੀਰਕ ਸਿੱਖਿਆ ਵਿਭਾਗ, ਟੀਚਿੰਗ ਅਤੇ ਦਰਜਾ ਚਾਰ ਕਰਮਚਾਰੀਆਂ ਦਾ ਅਤਿ ਧੰਨਵਾਦੀ ਹਾਂ। ਜਿਨਾਂ ਨੇ 76 ਵੇਂ ਖੇਡ ਸਮਾਰੋਹ ਨੂੰ ਨੇਪਰੇ ਚਾੜਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਮੈਂ ਪ੍ਰਿੰਸੀਪਲ, ਡਾ: ਸੁਖਵਿੰਦਰ ਸਿੰਘ ਜੀ ਦਾ ਵਿਸ਼ੇਸ਼ ਧੰਨਵਾਦ ਕਰਦਾ ਹਾਂ ਜਿਨਾਂ ਦੀ ਸੁਯੋਗ ਅਗਵਾਈ ਸਦਕਾ ਅਸੀਂ ਖੇਡ ਸਮਾਰੋਹ ਸਮੇਂ ਸਿਰ ਅਤੇ ਬਾਖੂਬੀ ਨਾਲ ਨੇਪਰੇ ਚਾੜਨ ਵਿੱਚ ਸਫਲ ਹੋਏ ਹਾਂ। ਅੱਜ ਦੇ ਇਸ 76 ਵੇਂ ਸਾਲਾਨਾ ਖੇਡ ਸਮਾਰੋਹ ਨੂੰ ਸਾਰੇ ਹੀ ਖਿਡਾਰੀਆਂ ਨੇ ਕਾਮਯਾਬ ਬਣਾਇਆ ਹੈ।

ਅੰਤ ਵਿੱਚ ਮੈਂ ਅੱਜ ਦੇ ਮੁੱਖ ਮਹਿਮਾਨ **ਸ.** ਅਵਤਾਰ ਸਿੰਘ, ਈਲਵਾਲ ) ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨਾਂ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਦੇਣ ਲਈ ਆਪਣਾ ਕੀਮਤੀ ਸਮਾਂ ਦੇ ਕੇ ਸਾਡਾ ਮਾਣ ਵਧਾਇਆ ਹੈ।

(ਸਰੀਰਕ ਸਿੱਖਿਆ ਵਿਭਾਗ)

Scanned with CamScanner